Dr. Juneja's
ਪੇਟ ਸਫ਼ਾ
Natural Laxative
GRANULES & TABLETS
ਕਬਜ਼ • ਗੈਸ
ਐਸੀਡਿਟੀ
ਪੇਟ ਸਫ਼ਾ ਤਾਂ ਹਰ ਰੋਗ ਦਫ਼ਾ
24x7 Helpline 91197 88888
www.petsaffa.com
Available at all medical & general stores
NO.1 BRAND INDIA 2016
ਦਿਵਿਸਾ ਹਰਬਲ ਕੇਅਰ ਪੇਸ਼ ਕਰਦੇ ਹਨ ਪੇਟ ਸਫ਼ਾ ਆਯੁਰਵੈਦਿਕ ਗ੍ਰੈਨੂਲਜ਼ ਅਤੇ ਟੇਬਲੇਟਸ, ਜਿਸ ਦਾ ਸੇਵਨ ਕਰਨਾ ਹੈ ਬਿਲਕੁਲ ਆਸਾਨ ਅਤੇ ਨਤੀਜਾ ਹੈ ਪਹਿਲੇ ਦਿਨ ਤੋਂ
Clinically Tested*
ਇਸ ਦੀ ਆਦਤ ਵੀ ਨਹੀਂ ਪੈਂਦੀ
Divisa

ਇਰਾਨ ਦੇ ਨਕਸ਼ੇ 'ਤੇ ਟਰੰਪ ਨੇ ਲਗਾਈ ਅਪਣੀ ਤਸਵੀਰ

ਇਕ ਘੰਟੇ 'ਚ ਇਰਾਨ ਨਾਲ ਸਬੰਧਤ ਲਗਾਤਾਰ ਸੱਤ ਪੋਸਟਾਂ ਕੀਤੀਆਂ ਸਾਂਝੀਆਂ

ARAB EMIRATES
QATAR
BAHRAIN
KUWAI
Persian Gulf
IRAN
CASPIAN SEA

ਵਾਸ਼ਿੰਗਟਨ, 7 ਸਤੰਬਰ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇਕ ਘੰਟੇ ਦੇ ਅੰਦਰ ਇਰਾਨ ਨਾਲ ਸਬੰਧਤ ਲਗਾਤਾਰ ਸੱਤ ਪੋਸਟਾਂ ਸਾਂਝੀਆਂ ਕਰ ਕੇ ਤਹਿਰਾਨ 'ਤੇ ਆਰਥਕ ਅਤੇ ਫ਼ੌਜੀ ਦਬਾਅ ਬਹੁਤ ਜ਼ਿਆਦਾ ਵਧਾ ਦਿਤਾ ਹੈ। ਇਨ੍ਹਾਂ ਪੋਸਟਾਂ ਵਿਚ ਟਰੰਪ ਨੇ ਇਰਾਨ ਦੀ ਡਿੱਗ ਰਹੀ ਕਰੰਸੀ, ਘਟਦੀ ਤੇਲ ਬਰਾਮਦ ਅਤੇ ਊਰਜਾ ਢਾਂਚੇ ਦੇ ਅੰਕੜਿਆਂ ਦੀ ਵਰਤੋਂ ਕਰਦਿਆਂ ਇਹ ਦਾਅਵਾ ਕੀਤਾ ਹੈ ਕਿ ਇਰਾਨ ਇਸ ਸਮੇਂ ਚਾਰੋਂ ਪਾਸਿਉਂ ਭਾਰੀ ਦਬਾਅ ਦਾ ਸਾਹਮਣਾ ਕਰ ਰਿਹਾ ਹੈ। ਅਪਣੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਟਰੰਪ ਨੇ ਇਕ ਬੇਹੱਦ ਨਿਜੀ ਅਤੇ ਪ੍ਰਤੀਕਾਤਮਕ ਤਸਵੀਰ ਸਾਂਝੀ ਕੀਤੀ, ਜਿਸ ਵਿਚ ਇਰਾਨ ਦੇ ਨਕਸ਼ੇ 'ਤੇ ਉਨ੍ਹਾਂ ਦਾ ਅਪਣਾ ਚਿਹਰਾ ਲਗਿਆ ਹੋਇਆ ਸੀ। ਇਸ ਪੋਸਟ ਵਿਚ ਪਹਿਲਾਂ ਅਤੇ ਬਾਅਦ ਦੇ ਨਕਸ਼ਿਆਂ ਰਾਹੀਂ ਇਰਾਨ ਨੂੰ ਟਰੰਪ ਦੇ ਚਿਹਰੇ ਦੀ ਆਕ੍ਰਿਤੀ ਵਰਗਾ ਦਿਖਾਇਆ ਗਿਆ ਹੈ। ਟਰੰਪ ਵਲੋਂ ਸਾਂਝੇ ਕੀਤੇ ਗਏ ਇਕ ਗ੍ਰਾਫ਼ਿਕ ਵਿਚ ਦਾਅਵਾ ਕੀਤਾ ਗਿਆ ਕਿ ਹੋਰਮੁਜ਼ ਜਲਡਮਰੂਮੱਧ ਵਿਚ ਤੇਲ ਦੀ ਮਾਤਰਾ ਵਾਪਸ ਪਰਤ ਆਈ ਹੈ। ਇਸ ਵਿਚ ਦਸਿਆ ਗਿਆ ਕਿ ਤੇਲ ਦਾ ਪ੍ਰਵਾਹ 1.8 ਕਰੋੜ (18 ਮਿਲੀਅਨ) ਬੈਰਲ ਪ੍ਰਤੀ ਦਿਨ ਤਕ ਪਹੁੰਚ ਗਿਆ ਹੈ, ਜੋ ਕਿ ਜੰਗ ਸ਼ੁਰੂ ਹੋਣ ਤੋਂ ਪਹਿਲਾਂ 2 ਕਰੋੜ ਬੈਰਲ ਪ੍ਰਤੀ ਦਿਨ ਸੀ। ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਹੀ ਟਰੰਪ ਨੇ ਸੁਝਾਅ ਦਿਤਾ ਸੀ ਕਿ ਇਸ ਰਣਨੀਤਕ ਜਲਮਾਰਗ ਦਾ ਨਾਮ ਬਦਲ ਕੇ ਟਰੰਪ ਸਟਰੇਟ ਰਖਿਆ ਜਾਣਾ ਚਾਹੀਦਾ ਹੈ। ਟਰੰਪ ਨੇ ਅੰਕੜਿਆਂ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਇਰਾਨ ਦੀ ਤੇਲ ਬਰਾਮਦ ਬੁਰੀ ਤਰ੍ਹਾਂ ਕ੍ਰੈਸ਼ ਹੋ ਰਹੀ ਹੈ। ਚਾਰਟ ਦੇ ਅਨੁਸਾਰ ਸਾਲ 2025 ਵਿਚ ਲਗਭਗ 20-ਲੱਖ ਬੈਰਲ ਪ੍ਰਤੀ ਦਿਨ ਹੋਣ ਵਾਲੀ ਤੇਲ ਬਰਾਮਦ ਸਾਲ 2026 ਵਿਚ ਲਗਭਗ ਜ਼ੀਰੋ ਤਕ ਪਹੁੰਚ ਗਈ ਸੀ, ਜਿਸ ਤੋਂ ਬਾਅਦ ਹੁਣ ਮਾਮੂਲੀ ਸੁਧਾਰ ਹੋਇਆ ਹੈ। ਇਸ ਦੇ ਨਾਲ ਹੀ ਟਰੰਪ ਨੇ ਇਰਾਨ ਵਿਚ ਚੱਲ ਰਹੀ ਮਹਿੰਗਾਈ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਦਸਿਆ ਕਿ ਸਾਲ 2025 ਦੇ ਸ਼ੁਰੂ ਵਿਚ ਪ੍ਰਤੀ ਅਮਰੀਕੀ ਡਾਲਰ ਦੀ ਕੀਮਤ ਲਗਭਗ 9,00,000 ਇਰਾਨੀ ਰਿਆਲ ਸੀ, ਜੋ ਹੁਣ ਡਿੱਗ ਕੇ 22.7 ਲੱਖ (2.27 ਮਿਲੀਅਨ) ਰਿਆਲ ਪ੍ਰਤੀ ਡਾਲਰ ਤਕ ਪਹੁੰਚ ਗਈ ਹੈ। **(ਏਜੰਸੀ)**

ਰੂਸ 'ਚ ਬਰਫ਼ੀਲੇ ਤੂਫ਼ਾਨ ਕਾਰਨ 11 ਲੋਕਾਂ ਦੀ ਮੌਤ

ਮਾਸਕੋ, 7 ਸਤੰਬਰ : ਰੂਸ ਦੇ ਉੱਤਰੀ ਕਾਕੇਸ਼ਸ ਵਿਚ ਬਰਫ਼ੀਲੇ ਤੂਫ਼ਾਨ ਵਿਚ ਫਸਣ ਤੋਂ ਬਾਅਦ 11 ਲੋਕਾਂ ਦੀ ਮੌਤ ਹੋ ਗਈ ਅਤੇ ਛੇ ਹੋਰ ਲਾਪਤਾ ਹਨ। ਖ਼ਰਾਬ ਮੌਸਮ ਬਚਾਅ ਕਾਰਜਾਂ ਵਿਚ ਰੁਕਾਵਟ ਪਾ ਰਿਹਾ ਹੈ। ਸਥਾਨਕ ਐਮਰਜੈਂਸੀ ਸੇਵਾ ਦਾ ਹਵਾਲਾ ਦਿੰਦੇ ਹੋਏ ਸਿਨਹੂਆ ਨਿਊਜ਼ ਏਜੰਸੀ ਨੇ ਸੋਮਵਾਰ ਨੂੰ ਦਸਿਆ ਕਿ ਰੂਸ ਦੇ ਉੱਤਰੀ ਕਾਕੇਸ਼ਸ ਦੇ ਕਬਾਰਡੀਨੋ-ਬਾਲਕਾਰੀਆ ਖੇਤਰ ਵਿਚ ਪਰਬਤਾਰੋਹੀਆਂ ਦੇ ਇਕ ਸਮੂਹ ਵਿਚ 11 ਲੋਕ ਬਰਫ਼ੀਲੇ ਤੂਫ਼ਾਨ ਵਿਚ ਫਸ ਗਏ। ਇਸ ਦੇ ਨਾਲ ਹੀ ਛੇ ਲੋਕ ਜ਼ਖ਼ਮੀ ਹੋਏ ਅਤੇ ਛੇ ਲਾਪਤਾ ਹਨ। ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸ਼ਾਮ 5 ਵਜੇ ਦੇ ਕਰੀਬ ਬੇਜ਼ੇਂਗੀ ਘਾਟੀ 'ਚ ਵਾਪਰਿਆ, ਜਿੱਥੇ 5,025 ਮੀਟਰ ਉੱਚੇ ਮਾਊਂਟ ਮਿਜ਼ਿਰਗੀ ਤੋਂ ਇਕ ਬਰਫ਼ ਦਾ ਤੋਦਾ ਡਿੱਗ ਗਿਆ ਅਤੇ 33 ਪਰਬਤਾਰੋਹੀਆਂ ਦੇ ਇਕ ਸਮੂਹ ਨੂੰ ਵਹਾ ਕੇ ਲੈ ਗਿਆ। ਖ਼ਬਰਾਂ ਅਨੁਸਾਰ ਬਚਾਅ ਟੀਮਾਂ ਅਤੇ ਇਕ ਹੈਲੀਕਾਪਟਰ ਨੂੰ ਘਟਨਾ ਸਥਾਨ 'ਤੇ ਭੇਜਿਆ ਗਿਆ ਸੀ ਅਤੇ ਤਿੰਨ ਬਚੇ ਲੋਕਾਂ ਨੂੰ ਸੁਰੱਖਿਅਤ ਢੰਗ ਨਾਲ ਨਲਚਿਕ ਪਹੁੰਚਾਇਆ ਗਿਆ ਸੀ।

ਦਲੀਪ ਟਰਾਫ਼ੀ : ਈਸ਼ਾਨ ਨੇ ਫ਼ਾਈਨਲ 'ਚ ਜੜਿਆ ਦੋਹਰਾ ਸੈਂਕੜਾ

ਨਵੀਂ ਦਿੱਲੀ, 7 ਸਤੰਬਰ : ਈਸ਼ਾਨ ਕਿਸ਼ਨ ਨੇ ਸ਼ਾਨਦਾਰ ਬੱਲੇਬਾਜ਼ੀ ਕਰਦੇ ਹੋਏ 270 ਦੌੜਾਂ ਦੀ ਇਤਿਹਾਸਕ ਪਾਰੀ ਖੇਡੀ ਜਿਸ ਨਾਲ ਪੂਰਬੀ ਜ਼ੋਨ ਨੇ ਚੇਨਈ ਦੇ ਐਮਏ ਚਿਦਾਂਬਰਮ ਸਟੇਡੀਅਮ 'ਚ ਸੋਮਵਾਰ ਨੂੰ ਦਲੀਪ ਟਰਾਫ਼ੀ ਫ਼ਾਈਨਲ ਦੇ ਦੂਜੇ ਦਿਨ ਦਖਣੀ ਜ਼ੋਨ ਵਿਰੁਧ 708 ਦੌੜਾਂ ਦਾ ਵੱਡਾ ਸਕੋਰ ਖੜ੍ਹਾ ਕੀਤਾ। ਕਿਸ਼ਨ ਨੇ ਇਸ ਪਾਰੀ ਤੋਂ ਭਾਰਤੀ ਟੈਸਟ ਟੀਮ ਵਿਚ ਅਪਣੀ ਜਗ੍ਹਾ ਬਣਾਉਣ ਦਾ ਦਾਅਵਾ ਵੀ ਪੇਸ਼ ਕੀਤਾ। ਕਿਸ਼ਨ 334 ਗੇਂਦਾਂ 'ਚ 270 ਦੌੜਾਂ ਬਣਾ ਕੇ ਆਊਟ ਹੋ ਗਏ। ਕੁਮਾਰ ਕਸ਼ਾਗਰ ਨੇ 132 ਗੇਂਦਾਂ 'ਚ 101 ਦੌੜਾਂ ਬਣਾ ਕੇ ਅਪਣਾ ਛੇਵਾਂ ਫਸਟ ਕਲਾਸ ਸੈਂਕੜਾ ਜੜਿਆ। ਦਿਨ ਦੀ ਖੇਡ ਖ਼ਤਮ ਹੋਣ ਤੋਂ ਪਹਿਲਾਂ ਦਖਣੀ ਜ਼ੋਨ ਦਾ ਆਖ਼ਰੀ ਵਿਕੇਟ ਹਾਸਲ ਕੀਤਾ। ਐਤਵਾਰ ਨੂੰ ਖੇਡ ਦੇ ਪਹਿਲੇ ਦਿਨ ਸੈਂਕੜੇ ਨਾਲ ਪਾਰੀ ਖ਼ਤਮ ਕਰਨ ਤੋਂ ਬਾਅਦ ਈਸ਼ਾਨ ਨੇ ਦੂਜੇ ਦਿਨ ਤਿਲਕ ਵਰਮਾ ਦੀ ਦੱਖਣੀ ਜ਼ੋਨ ਟੀਮ ਵਿਰੁਧ ਅਪਣੀ ਹਮਲਾਵਰ ਖੇਡ ਜਾਰੀ ਰੱਖੀ। 200 ਦੌੜਾਂ ਦਾ ਅੰਕੜਾ ਪਾਰ ਕਰ ਕੇ ਈਸ਼ਾਨ ਟੂਰਨਾਮੈਂਟ ਦੇ ਇਤਿਹਾਸ ਵਿਚ ਫ਼ਾਈਨਲ ਵਿਚ ਇਹ ਮੀਲ ਪੱਥਰ ਪ੍ਰਾਪਤ ਕਰਨ ਵਾਲਾ ਪੰਜਵਾਂ ਬੱਲੇਬਾਜ਼ ਬਣ ਗਿਆ। ਇਸ ਤੋਂ ਪਹਿਲਾਂ ਦਲੀਪ ਟਰਾਫ਼ੀ ਫ਼ਾਈਨਲ ਵਿਚ ਰਮਨ ਲਾਂਬਾ, ਅੰਸ਼ੁਮਨ ਗਾਇਕਵਾੜ, ਚੇਤੇਸ਼ਵਰ ਪੁਜਾਰਾ ਅਤੇ ਯਸ਼ਸਵੀ ਜੈਸਵਾਲ ਨੇ ਦੋਹਰੇ ਸੈਂਕੜੇ ਲਗਾਏ ਹਨ।

ਕਿਸ਼ਨ ਦੇ ਦੋਹਰੇ ਸੈਂਕੜੇ ਦੀ ਬਦਲੌਤ ਪੂਰਬੀ ਜ਼ੋਨ ਨੇ ਖੜ੍ਹਾ ਕੀਤਾ 708 ਦੌੜਾਂ ਦਾ ਪਹਾੜ

ਸਰਬਜੀਤ ਕੌਰ ਨਾਲ ਨਿਕਾਹ ਕਰਨ ਵਾਲੇ ਪਾਕਿਸਤਾਨੀ ਦੀ ਪਤਨੀ ਨੇ ਕੀਤਾ ਕੇਸ

ਇਸਲਾਮਾਬਾਦ, 7 ਸਤੰਬਰ : ਭਾਰਤੀ ਔਰਤ ਸਰਬਜੀਤ ਕੌਰ ਨਾਲ ਨਿਕਾਹ ਕਰਨ ਵਾਲੇ ਪਾਕਿਸਤਾਨੀ ਨਾਸਿਰ ਹੁਸੈਨ ਦੀ ਪਹਿਲੀ ਪਤਨੀ ਸਾਇਮਾ ਹੁਸੈਨ ਨੇ ਉਸ ਵਿਰੁਧ ਦੋ ਮਾਮਲੇ ਦਰਜ ਕੀਤੇ ਹਨ। ਪਹਿਲਾ ਮਾਮਲਾ ਉਨ੍ਹਾਂ ਦੇ ਨਾਬਾਲਗ ਬੱਚਿਆਂ ਦੀ ਦੇਖਭਾਲ ਦਾ ਹੈ ਅਤੇ ਦੂਜਾ ਮਾਮਲਾ ਸਰਬਜੀਤ ਕੌਰ ਨਾਲ ਉਸ ਦੀ ਇਜਾਜ਼ਤ ਤੋਂ ਬਿਨਾਂ ਵਿਆਹ ਕਰਨ ਦਾ ਹੈ। ਸਾਇਮਾ ਹੁਸੈਨ ਦਾ ਦਾਅਵਾ ਹੈ ਕਿ ਨਾਸਿਰ ਹੁਸੈਨ ਨੇ ਭਾਰਤੀ ਔਰਤ ਸਰਬਜੀਤ ਕੌਰ ਨਾਲ ਵਿਆਹ ਕਰਨ ਤੋਂ ਪਹਿਲਾਂ ਉਸ ਦੀ ਇਜਾਜ਼ਤ ਨਹੀਂ ਲਈ ਸੀ, ਜੋ ਕਿ ਪਾਕਿਸਤਾਨੀ ਕਾਨੂੰਨ ਤਹਿਤ ਅਪਰਾਧ ਹੈ। ਸਾਇਮਾ ਹੁਸੈਨ ਦੇ ਵਕੀਲ ਅਲੀ ਚੰਗੇਜ਼ੀ ਨੇ ਕਿਹਾ ਕਿ ਨਾਸਿਰ ਹੁਸੈਨ ਦੀ ਪਹਿਲੀ ਪਤਨੀ ਸਾਇਮਾ ਹੁਸੈਨ ਨੇ ਅਪਣੇ ਪਤੀ ਵਿਰੁਧ ਕੇਸ ਦਾਇਰ ਕੀਤਾ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਉਸ ਦੇ ਪਤੀ ਨੇ ਨਾ ਸਿਰਫ਼ ਉਸ ਨੂੰ ਘਰੋਂ ਕੱਢ ਦਿਤਾ, ਸਗੋਂ ਉਸ ਦੇ ਕੱਪੜੇ ਵੀ ਸਾੜ ਦਿਤੇ। ਉਹ ਅਦਾਲਤ ਰਾਹੀਂ ਉਸ ਤੋਂ ਗੁਜ਼ਾਰਾ ਭੱਤਾ ਮੰਗ ਰਹੀ ਹੈ। **(ਏਜੰਸੀ)**

ਭਾਰਤ-ਬੰਗਲਾਦੇਸ਼ ਵਿਸ਼ਵਾਸ ਦੇ ਆਧਾਰ 'ਤੇ ਕੰਮ ਕਰਨ ਲਈ ਸਹਿਮਤ

ਢਾਕਾ, 7 ਸਤੰਬਰ : ਭਾਰਤ ਅਤੇ ਬੰਗਲਾਦੇਸ਼ ਨੇ ਸੋਮਵਾਰ ਨੂੰ ਦੁਵੱਲੇ ਸਬੰਧਾਂ ਨਾਲ ਸਬੰਧਤ ਕਈ ਮੁੱਦਿਆਂ 'ਤੇ ਚਰਚਾ ਕੀਤੀ ਅਤੇ "ਆਪਸੀ ਵਿਸ਼ਵਾਸ ਅਤੇ ਆਪਸੀ ਲਾਭ ਦੇ ਆਧਾਰ 'ਤੇ ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਮਿਲ ਕੇ ਕੰਮ ਕਰਨ" ਉਤੇ ਸਹਿਮਤੀ ਪ੍ਰਗਟਾਈ। ਬੰਗਲਾਦੇਸ਼ ਵਿਚ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਤ੍ਰਿਵੇਦੀ ਨੇ ਇੱਥੇ ਪ੍ਰਧਾਨ ਮੰਤਰੀ ਦੇ ਸਲਾਹਕਾਰ ਮੁਹੰਮਦ ਇਸਮਾਈਲ ਜ਼ਬੀਉੱਲ੍ਹਾ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਆਪਸੀ ਦੇ ਸਬੰਧਾਂ 'ਤੇ ਚਰਚਾ ਕੀਤੀ। ਭਾਰਤੀ ਹਾਈ ਕਮਿਸ਼ਨ ਨੇ ਐਕਸ 'ਤੇ ਪੋਸਟ ਕੀਤਾ, "ਲੋਕਾਂ ਦੇ ਆਪਸੀ ਸਬੰਧ ਹੀ ਦੁਵੱਲੇ ਸਬੰਧਾਂ ਦੀ ਨੀਂਹ ਹੁੰਦੇ ਹਨ ਅਤੇ ਗੱਲਬਾਤ ਦੌਰਾਨ ਇਸ ਗੱਲ 'ਤੇ ਜ਼ੋਰ ਦਿਤਾ ਗਿਆ।" ਹਾਈ ਕਮਿਸ਼ਨ ਨੇ ਕਿਹਾ ਕਿ ਦੋਵਾਂ ਡਿਪਲੋਮੈਟਾਂ ਨੇ ਭਾਰਤ-ਬੰਗਲਾਦੇਸ਼ ਸਬੰਧਾਂ ਨਾਲ ਸਬੰਧਤ ਕਈ ਮੁੱਦਿਆਂ 'ਤੇ ਚਰਚਾ ਕੀਤੀ। ਭਾਰਤੀ ਹਾਈ ਕਮਿਸ਼ਨ ਨੇ ਉਮੀਦ ਪ੍ਰਗਟਾਈ ਕਿ ਦੋਵੇਂ ਪ੍ਰਭੂਸੱਤਾ ਸੰਪੰਨ ਦੇਸ਼ ਆਪਸੀ ਵਿਸ਼ਵਾਸ ਅਤੇ ਆਪਸੀ ਲਾਭ ਦੇ ਆਧਾਰ 'ਤੇ ਇਕ ਅਗਾਂਹਵਧੂ ਪਹੁੰਚ ਨਾਲ ਇਕੱਠੇ ਕੰਮ ਕਰਨਾ ਜਾਰੀ ਰੱਖਣਗੇ। ਤ੍ਰਿਵੇਦੀ ਨੇ ਬੰਗਲਾਦੇਸ਼ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਅਬਦੁਲ ਅਵਾਲ ਮਿੰਟੂ ਅਤੇ ਰਾਜ ਮੰਤਰੀ ਸ਼ੇਖ਼ ਫਰੀਦੁਲ ਇਸਲਾਮ ਨਾਲ ਵੀ ਮੁਲਾਕਾਤ ਕੀਤੀ।

ਦੁਵੱਲੇ ਸਬੰਧਾਂ ਨਾਲ ਸਬੰਧਤ ਕਈ ਮੁੱਦਿਆਂ 'ਤੇ ਕੀਤੀ ਚਰਚਾ

ਅਫ਼ਗਾਨਿਸਤਾਨ 'ਚ ਭੂਚਾਲ

ਕਾਬੁਲ, 7 ਸਤੰਬਰ : ਅਫ਼ਗਾਨਿਸਤਾਨ ਵਿਚ ਅੱਜ ਸਵੇਰੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਨੈਸ਼ਨਲ ਸੈਂਟਰ ਫ਼ਾਰ ਸੀਸਮੋਲੋਜੀ ਅਨੁਸਾਰ, ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 4.1 ਦਰਜ ਕੀਤੀ ਗਈ। ਇਹ ਭੂਚਾਲ ਸਵੇਰੇ 5:36:23 ਵਜੇ (ਭਾਰਤੀ ਮਿਆਰੀ ਸਮੇਂ ਅਨੁਸਾਰ) ਆਇਆ। ਭੂਚਾਲ ਦਾ ਕੇਂਦਰ ਧਰਤੀ ਦੀ ਸਤ੍ਹਾ ਤੋਂ 130 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਇਸ ਦੀ ਸਥਿਤੀ 36.114 ਡਿਗਰੀ ਉੱਤਰੀ ਅਕਸ਼ਾਂਸ਼ ਅਤੇ 70.820 ਡਿਗਰੀ ਪੂਰਬੀ ਦੇਸ਼ਾਂਤਰ 'ਤੇ ਦਰਜ ਕੀਤੀ ਗਈ ਸੀ।

ਭਾਰਤ 'ਚ ਦਾਖ਼ਲਾ ਨਾ ਮਿਲਣ 'ਤੇ ਸ੍ਰੀਲੰਕਾ ਨੇ 13 ਲੋਕ ਕੀਤੇ ਗ੍ਰਿਫ਼ਤਾਰ

ਕੋਲੰਬੋ, 7 ਸਤੰਬਰ : ਪਿਛਲੇ ਹਫ਼ਤੇ ਭਾਰਤ ਵਿਚ ਦਾਖ਼ਲ ਹੋਣ ਦੀ ਅਸਫ਼ਲ ਕੋਸ਼ਿਸ਼ ਤੋਂ ਬਾਅਦ ਟਾਪੂ ਵਾਪਸ ਆਉਣ 'ਤੇ ਇਕ ਔਰਤ ਸਮੇਤ 13 ਸ੍ਰੀਲੰਕਾਈ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸ੍ਰੀਲੰਕਾ ਦੇ ਪਾਸਪੋਰਟ ਰੱਖਣ ਵਾਲੇ ਇਨ੍ਹਾਂ ਲੋਕਾਂ ਨੇ 5 ਸਤੰਬਰ ਨੂੰ ਦੇਸ਼ ਦੇ ਉੱਤਰ ਵਿਚ ਕੰਕੇਸੰਥੁਰਾਈ ਤੋਂ ਭਾਰਤ ਜਾਣ ਵਾਲੀ ਇਕ ਯਾਤਰੀ ਕਿਸ਼ਤੀ ਵਿਚ ਸਵਾਰ ਹੋਏ ਸਨ, ਜਿਸ ਵਿਚ 100 ਹੋਰ ਯਾਤਰੀ ਸਵਾਰ ਸਨ। ਤਾਮਿਲਨਾਡੂ ਦੇ ਨਾਗਾਪੱਟੀਨਮ ਬੰਦਰਗਾਹ 'ਤੇ ਇਮੀਗ੍ਰੇਸ਼ਨ ਦੌਰਾਨ ਉਨ੍ਹਾਂ ਨੂੰ ਐਂਟਰੀ ਨਹੀਂ ਦਿਤੀ ਗਈ ਅਤੇ ਟਾਪੂ ਵਾਪਸ ਭੇਜ ਦਿਤਾ ਗਿਆ, ਜਿੱਥੇ ਸ੍ਰੀਲੰਕਾ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਕਿਹਾ ਕਿ 36 ਸਾਲਾ ਔਰਤ ਸਮੇਤ ਸਾਰੇ 13 ਸ਼ੱਕੀ ਬੇਰੁਜ਼ਗਾਰ ਹਨ। ਪੁਲਿਸ ਨੇ ਅੱਗੇ ਕਿਹਾ ਕਿ ਉਨ੍ਹਾਂ ਤੋਂ ਕਿਸੇ ਵੀ ਗ਼ੈਰ-ਕਾਨੂੰਨੀ ਗਤੀਵਿਧੀ ਨਾਲ ਸਬੰਧਾਂ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਕਾਂਕੇਸੰਥੁਰਾਈ-ਨਾਗਾਪੱਟੀਨਮ ਫੈਰੀ ਇਕ ਹਾਈ-ਸਪੀਡ ਯਾਤਰੀ ਸੇਵਾ ਹੈ ਜੋ ਤਾਮਿਲਨਾਡੂ, ਭਾਰਤ ਅਤੇ ਸ੍ਰੀਲੰਕਾ ਦੇ ਜਾਫਨਾ ਜ਼ਿਲ੍ਹੇ ਨੂੰ ਜੋੜਦੀ ਹੈ।

ਇਕ ਨਜ਼ਰ...

ਸੈਂਸੈਕਸ 382 ਅੰਕ ਡਿੱਗਿਆ ਤੇ ਨਿਫ਼ਟੀ 23,700 ਤੋਂ ਪਾਰ

ਮੁੰਬਈ, 7 ਸਤੰਬਰ : ਸੋਮਵਾਰ ਨੂੰ ਦਿਨ ਭਰ ਸਟਾਕ ਬਾਜ਼ਾਰ ਵਿਚ ਗਿਰਾਵਟ ਨਾਲ ਕਾਰੋਬਾਰ ਹੁੰਦਾ ਰਿਹਾ। ਸੈਂਸੈਕਸ ਅਤੇ ਨਿਫ਼ਟੀ ਲਾਲ ਨਿਸ਼ਾਨ 'ਤੇ ਬੰਦ ਹੋਏ। ਕੱਚੇ ਤੇਲ ਦੀਆਂ ਉੱਚ ਕੀਮਤਾਂ, ਅਮਰੀਕਾ ਅਤੇ ਇਰਾਨ ਵਿਚਕਾਰ ਵਧਦੇ ਤਣਾਅ ਅਤੇ ਅਮਰੀਕੀ ਵਿਆਜ ਦਰਾਂ ਵਿਚ ਵਾਧੇ ਦੀ ਸੰਭਾਵਨਾ ਕਾਰਨ ਨਿਵੇਸ਼ਕਾਂ ਦੀ ਭਾਵਨਾ ਪ੍ਰਭਾਵਿਤ ਹੋਈ। ਬੀਐਸਈ ਸੈਂਸੈਕਸ 382.62 ਅੰਕ ਭਾਵ 0.50% ਡਿੱਗ ਕੇ 76,132.81 'ਤੇ ਬੰਦ ਹੋਇਆ ਹੈ। ਇਸ ਦੇ ਨਾਲ ਹੀ ਸੈਂਸੈਕਸ ਦੇ 7 ਸਟਾਕ ਵਾਧੇ ਨਾਲ ਅਤੇ 23 ਸਟਾਕ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਦੂਜੇ ਪਾਸੇ ਐਨਐਸਈ ਨਿਫ਼ਟੀ 118.55 ਅੰਕ ਭਾਵ 0.50% ਡਿੱਗ ਕੇ 23,779.15 'ਤੇ ਬੰਦ ਹੋਇਆ ਹੈ। **(ਏਜੰਸੀ)**

ਮਿਆਮੀ ਹਵਾਈ ਅੱਡੇ 'ਤੇ ਜਹਾਜ਼ ਹਾਦਸਾਗ੍ਰਸਤ, 5 ਮੌਤਾਂ

ਵਾਸ਼ਿੰਗਟਨ, 7 ਸਤੰਬਰ : ਅਮਰੀਕਾ ਦੇ ਮਿਆਮੀ ਹਵਾਈ ਅੱਡੇ 'ਤੇ ਇਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ, ਜਦਕਿ ਪੰਜ ਹੋਰਨਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਰਾਇਟਰਜ਼ ਦੀ ਇਕ ਰਿਪੋਰਟ ਅਨੁਸਾਰ ਸਥਾਨਕ ਅਧਿਕਾਰੀਆਂ ਨੇ ਦਸਿਆ ਕਿ ਐਤਵਾਰ ਨੂੰ ਮਿਆਮੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਨ ਵੇਲੇ ਐਮਾਜ਼ਾਨ ਪ੍ਰਾਈਮ ਏਅਰ ਦਾ ਇਕ ਕਾਰਗੋ ਜਹਾਜ਼ ਰਨਵੇਅ ਤੋਂ ਅੱਗੇ ਨਿਕਲ ਗਿਆ ਅਤੇ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ। **(ਏਜੰਸੀ)**

ਇਜ਼ਰਾਈਲੀ ਹਮਲੇ 'ਚ 12 ਮੌਤਾਂ

ਕਾਫ਼ਰ ਰੁਮਾਨ (ਲੇਬਨਾਨ), 7 ਸਤੰਬਰ : ਦਖਣੀ ਲੇਬਨਾਨ ਦੇ ਪਿੰਡ 'ਤੇ ਸੋਮਵਾਰ ਤੜਕੇ ਇਜ਼ਰਾਈਲੀ ਹਵਾਈ ਹਮਲੇ ਵਿਚ ਔਰਤਾਂ ਅਤੇ ਬੱਚਿਆਂ ਸਮੇਤ ਘੱਟੋ-ਘੱਟ 12 ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਸੋਮਵਾਰ ਦੇ ਹਮਲੇ ਦੋ ਮਹੀਨੇ ਤੋਂ ਵੱਧ ਸਮੇਂ ਪਹਿਲਾਂ ਹੋਏ ਜੰਗਬੰਦੀ ਦੇ ਬਾਵਜੂਦ, ਇਜ਼ਰਾਈਲ ਅਤੇ ਕੱਟੜਪੰਥੀ ਸਮੂਹ ਹਿਜ਼ਬੁੱਲਾ ਵਿਚਕਾਰ ਨਵੇਂ ਤਣਾਅ ਦੇ ਵਿਚਕਾਰ ਹੋਏ ਹਨ। ਲੇਬਨਾਨੀ ਸਿਹਤ ਮੰਤਰਾਲੇ ਨੇ ਕਿਹਾ ਕਿ ਹਮਲੇ ਵਿਚ ਇਕ ਇਮਾਰਤ ਨੂੰ ਵੀ ਨਿਸ਼ਾਨਾ ਬਣਾਇਆ ਗਿਆ, ਜਿਸ ਵਿਚ ਇਕ ਬੱਚਾ ਅਤੇ ਦੋ ਔਰਤਾਂ ਸਮੇਤ ਅੱਠ ਲੋਕ ਮਾਰੇ ਗਏ। ਇਸ ਵਿਚ ਕਿਹਾ ਗਿਆ ਹੈ ਕਿ ਹਮਲੇ ਵਿਚ ਚਾਰ ਬੱਚਿਆਂ ਅਤੇ ਦੋ ਔਰਤਾਂ ਸਮੇਤ 11 ਲੋਕ ਵੀ ਜ਼ਖ਼ਮੀ ਹੋਏ ਹਨ। ਮੰਤਰਾਲੇ ਨੇ ਇਹ ਵੀ ਕਿਹਾ ਕਿ ਪਿੰਡ ਵਿਚ ਇਕ ਕਾਰ 'ਤੇ ਹੋਏ ਹਵਾਈ ਹਮਲੇ ਵਿਚ 'ਲੇਬਾਨਾਨੀ ਇਸਲਾਮਕ ਰਿਸਾਲਾ ਸਕਾਊਟ ਏਸੋਸੀਏਸ਼ਨ' ਦੇ ਇਕ ਸਿਹਤਕਰਮੀ ਦੀ ਮੌਤ ਹੋ ਗਈ ਅਤੇ ਦੋ ਹੋਰ ਲੋਕ ਜ਼ਖ਼ਮੀ ਹੋ ਗਏ।

COURT NOTICE
(U/o 5 Rule 20 CPC)
IN THE COURT OF Sh. Jagbir Singh Mehndiratta Additional District and Sessions Judge-2, Fatehgarh Sahib

LABH SINGH
Vs.
GOURAV ALIAS GAURAV KUMAR
CLAIM PETITION
CIS NO. MACP/90/2024
CNR No. PBFG01-003194-2024
Next Date: 29-09-2026

PUBLICATION ISSUED TO :
2. GURJIT SINGH S/O MEHAL SINGH R/O SARJA MIRJA CHHANA, ALGON, DISTRICT TARN TARAN, PUNJAB (DRIVER OF OFFENDING TRUCK BEARING REGISTRATION NO. PB-02-DT-7677)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-09-2026 at 10:00 a.m. For details logon to https://highcourtchd.gov.in/?trs=district_notice&district=fatehgarh

Jagbir Singh Mehndiratta
Additional District and Sessions Judge-2, Fatehgarh Sahib
Dated, this day of 17-08-2026

ਪੰਜਾਬ ਸਰਕਾਰ

ਪੰਜਾਬ ਜਲ ਸ੍ਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਟਿਡ ਰੋਪੜ ਹੇਠ ਲਿਖਿਆਂ ਲਈ ਬੋਲੀਆਂ ਮੰਗਦਾ ਹੈ:-

ਲੜੀ ਨੰ.	ਕੰਮ ਦਾ ਨਾਮ	ਈ ਟੈਂਡਰ ਨੋਟਿਸ ਨੰ. ਅਤੇ ਮਿਤੀ
1.	ਪਿੰਡ ਮਾਨਸੇਵਾਲ (72 ਨੰ.) (ਬਲਾਕ ਬਲਾਚੌਰ) ਜ਼ਿਲ੍ਹਾ ਐਸ.ਬੀ.ਐਸ. ਨਗਰ (ਬਲਾਚੌਰ ਬਲਾਕ ਅਧੀਨ 24 ਟਿਊਬਵੈਲ ਦਾ ਅਨੁਮਾਨ ਆਰ ਐਂਡ ਐਮ ਅਧੀਨ) ਦੀ 1 ਟਿਊਬਵੈਲ ਲਈ ਯੂਜੀਪੀਐਲ- ਐਕਸਟੈਂਸ਼ਨ	99/2026, 03.09.2026

ਵਿਕਰੀ ਸ਼ੁਰੂ ਹੋਣ ਦੀ ਮਿਆਦ: 03.09.2026 17:00 ਵਜੇ
ਬੰਦ ਹੋਣ ਦੀ ਮਿਤੀ ਅਤੇ ਸਮਾਂ: 14.09.2026 10:00 ਵਜੇ

ਸਾਰੀ ਟੈਂਡਰਿੰਗ ਪ੍ਰਕਿਰਿਆ ਆਨਲਾਈਨ ਵੈਬਸਾਈਟ https://eproc.punjab.gov.in ਰਾਹੀਂ ਹੋਵੇਗੀ।

ਕੋਰੀਜੰਡਮ ਜੇਕਰ ਕੋਈ ਵੈਬਸਾਈਟ https://eproc.punjab.gov.in ਤੇ ਵੇਖੋ।

ਡਵੀਜ਼ਨਲ ਇੰਜੀਨੀਅਰ,
ਬੀਡੀਸੀ-1, ਪੀਡਬਲਿਊਆਰਐਮਡੀਸੀ ਡਵੀਜ਼ਨ,
ਰੂਪਨਗਰ

3846/12/2026-27/14881

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.

(ਰਜਿ:ਦਫਤਰ ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ)
ਕਾਰਪੋਰੇਟ ਪਹਿਚਾਣ ਸੰਖਿਆ : U40109PB2010SGC033813, ਵੈਬਸਾਈਟ : www.pspcl.in
(ਸੰਪਰਕ ਨੰ.: 9646119109)

ਈ-ਟੈਂਡਰ ਇਨਕੁਆਰੀ ਨੰ. 02/TRWJ-2026-27 **ਮਿਤੀ : 07.09.2026**

ਸੀਨੀਅਰ ਕਾਰਜਕਾਰੀ ਇੰਜੀਨੀਅਰ, ਟੀ.ਆਰ.ਡਬਲਯੂ. ਮੰਡਲ, ਪੀ.ਐਸ.ਪੀ.ਸੀ.ਐਲ., ਮੋਗਾ ਰੋਡ, ਜਗਰਾਓਂ ਵੱਲੋਂ ਕੰਟਰੋਲਰ ਆਫ ਸਟੋਰਜ (ਉੱਤਰ) ਪੀ.ਐਸ.ਪੀ.ਸੀ.ਐਲ., ਲੁਧਿਆਣਾ ਦੇ ਦਫ਼ਤਰ ਅਧੀਨ ਪੰਜਾਬ ਵਿਖੇ ਸਥਿਤ ਵੱਖ-ਵੱਖ ਦਫਤਰਾਂ ਵਿਖੇ ਪਾਰਟ ਟਾਈਮ ਕਾਮਿਆਂ/ਮਾਲੀ ਦੀ ਤੈਨਾਤੀ ਰਾਹੀਂ ਸਾਫ਼-ਸਫ਼ਾਈ ਅਤੇ ਬਾਗਬਾਨੀ ਆਦਿ ਦਾ ਕੰਮ ਕਰਵਾਉਣ ਲਈ 2 ਸਾਲ ਲਈ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਸਬੰਧੀ ਈ-ਟੈਂਡਰ ਮੰਗੇ ਜਾਂਦੇ ਹਨ।

ਵਿਸਤਰਿਤ ਟੈਂਡਰ ਨੋਟਿਸ ਅਤੇ ਟੈਂਡਰ ਸਪੈਸੀਫੀਕੇਸ਼ਨਾਂ https://eproc.punjab.gov.in ਉੱਪਰ ਮਿਤੀ 07.09.2026 ਦੁਪਿਹਰ 02:00 ਵਜੇ ਤੋਂ ਬਾਅਦ ਉਪਲਬਧ ਹੋਣਗੀਆਂ।

ਨੋਟ:- ਜੇਕਰ ਕਿਸੇ ਕਾਰਨ ਟੈਂਡਰ ਪ੍ਰਕਿਰਿਆ ਪੂਰੀ ਨਹੀਂ ਹੁੰਦੀ ਤਾਂ ਇਸ ਸਬੰਧੀ ਕੋਈ ਵੀ ਸੋਧ ਅਤੇ ਵਾਧਾ https://eproc.punjab.gov.in ਉਪਰ ਜਾਰੀ ਹੋਵੇਗਾ।

C-856/26 1079/12/2026-27/14919

---

pnb Housing Finance Limited Ghar Ki Baat

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈੱਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ
ਰਜਿ: ਦਫ਼ਤਰ: ਨੌਵੀਂ ਮੰਜ਼ਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਬਰਾਂਚ ਦਫ਼ਤਰ : ਐਸਸੀਓ 44, ਪਹਿਲੀ ਮੰਜ਼ਿਲ ਪੁੱਡਾ ਕੰਪਲੈਕਸ, ਜਲੰਧਰ-144001

ਆਮ ਜਨਤਾ ਅਤੇ ਖ਼ਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜ਼ਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜ਼ਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਤੇ 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੱਧ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/JAL/0623/11257 28, ਬਰਾਂਚ ਦਫ਼ਤਰ : ਜਲੰਧਰ ਕੁਲਵਿੰਦਰ ਸਿੰਘ/ ਸ੍ਰੀਮਤੀ ਸੁਰਿੰਦਰ ਕੌਰ	ਰੁ. 1781670.27/- ਮਿਤੀ 07-11-2025 ਨੂੰ	(ਭੌਤਿਕ)	ਮਕਾਨ ਸਥਿਤ ਹੈ ਗੁਰੂ ਐਨਕਲੇਵ, ਮਿਣਤੀ 18'*24'= 432ਵ.ਫੁੱਟ,ਭਾਵ ਲਗਭਗ 02 ਮਰਲੇ 36ਵ.ਫੁੱਟ (ਮਰਲਾ ਮਿਣਤੀ 207ਵ.ਫੁੱਟ), ਘਾਖਲ ਰੋਡ, ਬਸਤੀ ਦਾਨਿਸ਼ਮੰਦਾ, ਜਲੰਧਰ ਪੰਜਾਬ 144001, ਵਿੱਚ ਸ਼ਾਮਲ ਖੇਵਟ/ਖਤੌਨੀ ਨੰ. 473/501, 479/507, ਖਸਰਾ ਨੰ. 521,522, 523, ਜਮਾਂਬੰਦੀ ਸਾਲ 2017-18, ਹੱਦਬਸਤ ਨੰ. 312, ਸੇਲ ਡੀਡ ਦਸਤਾਵੇਜ ਨੰ. 2023-24/187/1/3512 ਮਿਤੀ 04 ਜੁਲਾਈ 2023, ਸ੍ਰੀ ਕੁਲਵਿੰਦਰ ਸਿੰਘ ਦੇ ਨਾਮ, ਹੱਦਾਂ: ਪੂਰਬ: ਜਸਵਿੰਦਰ ਸਿੰਘ/18', ਪੱਛਮ: ਗਲੀ 18' ਚੌੜੀ/18', ਉੱਤਰ: ਗਲੀ 18' ਚੌੜੀ/24', ਦੱਖਣ: ਵਿਕ੍ਰੇਤਾ ਜਾਇਦਾਦ ਦਾ ਬਾਕੀ ਹਿੱਸਾ/24'	ਰੁ: 1569000	ਰੁ: 156900	23-09-26	ਰੁ: 10,000/-	15-09-26 ਨੂੰ ਸਵੇਰੇ 11 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	24-09-26 ਨੂੰ ਬਾ.ਦੁ. 2.00 ਵਜੇ ਤੋਂ ਬਾ.ਦੁ. 3.00 ਵਜੇ ਦੇ ਵਿਚਕਾਰ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ਼ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ। 1. ਮਿਤੀ ਅਨੁਸਾਰ, ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ ਅਤੇ ਸਟੇਟਸ ਕਾਲਮ ਨੰ.-ਕੇ ਵਿਚ ਦਰਸਾਇਆ ਗਿਆ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੌਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ। ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿੱਛੋਂ ਸਕਿਓਰਡ ਕ੍ਰੈਡੀਟਰ ਵੱਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. **ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com** ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ **ਸ੍ਰੀ ਅਸ਼ੀਸ਼ ਕੁਮਾਰ ਸ਼ਰਮਾ**, ਨਾਲ ਟੋਲ ਫ੍ਰੀ ਨੰਬਰ : 1800 120 8800, auction@pnbhousing.com, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.auction@pnbhousing.com ਦਾ ਹਵਾਲਾ ਲਓ।

ਸਥਾਨ : ਪੰਜਾਬ, ਮਿਤੀ : 08.09.2026 **ਸਹੀ/- ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ**

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆੱਫ਼ ਫ਼ਾਈਨੈਂਸ਼ਿਅਲ ਐਸੇਟਸ ਐਂਡ ਇੰਫੋਰਸਮੈਂਟ ਆੱਫ਼ ਸਕਿਉਰਿਟੀ ਇਨਟ੍ਰੇਸਟ ਐਕਟ, 2002(ਅਧਿਨਿਯਮ) ਦੀ ਧਾਰਾ 13 (2) ਦੇ ਅਧੀਨ ਨੋਟਿਸ

ਕ੍ਰਮ ਨੰ:	ਕਰਜ਼ਦਾਰਾ ਦੇ ਨਾਂ (ਏ)	ਗਿਰਵੀ ਰਖੀ ਗਈ ਸੰਪਤੀ ਦਾ ਵਿਵਰਣ (ਬੀ)	ਐਨਪੀਏ ਦੀ ਤਾਰੀਖ (ਸੀ)	ਬਕਾਇਆ ਰਕਮ (ਡੀ)
1.	ਲੋਨ ਖਾਤਾ ਨੰ. HHEPAT00022127 1. ਮੰਜੀਤ ਸਿੰਘ 2. ਸੁਰਿੰਦਰ ਕੌਰ 3. ਰਵਿੰਦਰ ਜੀਤ ਸਿੰਘ ਉਰਫ ਰਵਿੰਦਰ ਜੀਤ ਸਿੰਘ	ਪ੍ਰੋਪਰਟੀ ਐਰ. ਨੰ. 15 ਮਾਪ 186 ਵਰਗ ਗਜ (4 ਬਿਸਵਾ) ਖਸਰਾ ਨੰ. 806 (0-2), 807 (4-10) ਵਿੱਚ ਸ਼ਾਮਲ, ਖਾਤਾ ਨੰ. 3786/6088, ਪਿੰਡ ਰਘੂ ਮਾਜਰਾ ਵਿੱਚ ਸਥਿਤ, ਤਹਿਸੀਲ ਪਟਿਆਲਾ, ਪੰਜਾਬ।	15.01.2009	ਰੁ. 1,98,92,275.97/- (ਇੱਕ ਕਰੋੜ ਅੱਠਾਨਵੇਂ ਲੱਖ ਬਾਨਵੇਂ ਹਜਾਰ ਦੋ ਸੌ ਪਚੱਤਰ ਰੁਪਏ ਅਤੇ ਸਤਾਨਵੇਂ ਪੈਸੇ ਮਾਤਰ) 04.08.2026 ਤੱਕ

ਇਹ ਕਿ ਉਪਰੋਕਤ ਕਰਜ਼ਦਾਰ ਲੋਨ ਅਕਾਊਂਟ ਦੇ ਵਿੱਤੀ ਅਨੁਸ਼ਾਸਨ ਨੂੰ ਬਨਾਏ ਰੱਖਣ ਵਿੱਚ ਅਸਫਲ ਰਹੇ ਹਨ ਅਤੇ ਕੰਪਨੀ ਦੇ ਆਮ ਬਿਜ਼ਨਿਸ ਵਿੱਚ ਰੱਖੇ ਅਕਾਊਂਟ ਰਜਿਸਟਰਾਂ ਵਿੱਚ, ਹਰੇਕ ਉਪਰੋਕਤ ਰਿਣ ਪ੍ਰਾਪਤ ਕਰਤਾ ਦੇ ਨਾਂ ਸਾਹਮਣੇ (ਡੀ) ਕਾਲਮ ਵਿੱਚ ਦਰਸਾਏ ਅਨੁਸਾਰ ਬਕਾਇਆ ਰਕਮ ਮੌਜੂਦ ਹੈ।

ਰਿਣ ਪ੍ਰਾਪਤ ਕਰਜ਼ਦਾਰਾਂ ਵੱਲੋਂ ਲੋਨ ਰਕਮ ਦੀ ਵਾਪਸੀ ਅਦਾਇਗੀ ਵਿੱਚ ਨਿਰੰਤਰ ਡਿਫਾਲਟ ਦੇ ਕਾਰਨ, ਇਹਨਾਂ ਕਰਜ਼ਦਾਰਾਂ ਦੇ ਅਕਾਊਂਟਾਂ ਨੂੰ ਕੰਪਨੀ ਨੇ ਸੰਬੰਧਿਤ ਤੈਅਸ਼ੁਦਾ ਮਾਪਦੰਡਾਂ ਅੰਦਰ ਰੇਗੂਲੇਟਰੀ ਅਥਾੱਰਿਟੀ ਦੁਆਰਾ 'ਨਾਨ ਪਰਫ਼ਾਰਮਿੰਗ ਐਸੇਟ' (ਕਾੱਲਮ ਸੀ ਵਿੱਚ ਮਿਤੀ ਦੇ ਅਨੁਸਾਰ) ਦੀ ਸ਼੍ਰੇਣੀ ਵਿੱਚ ਰੱਖ ਦਿੱਤਾ ਹੈ। ਫਲਸਰੂਪ, ਐਕਟ ਦੀ ਧਾਰਾ 13(2) ਅਧੀਨ ਹਰੇਕ ਰਿਣ ਪ੍ਰਾਪਤ ਕਰਜ਼ਦਾਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ।

ਉਪਰੋਕਤ ਸਥਿਤੀ ਨੂੰ ਮੁਖ ਰੱਖਦੇ ਹੋਇਆਂ, ਕੰਪਨੀ ਇਸ ਨੋਟਿਸ ਰਾਹੀਂ ਉਪਰੋਕਤ ਰਿਣ ਪ੍ਰਾਪਤ ਕਰਜ਼ਦਾਰਾਂ ਨੂੰ ਚੇਤੇ ਕਰਾਉਂਦੀ ਹੋਈ ਕਹਿੰਦੀ ਹੈ ਕਿ ਉਪਰੋਕਤ ਕਾਲਮ ਡੀ ਵਿੱਚ ਪ੍ਰਦਰਸ਼ਿਤ ਪੂਰੀ ਬਕਾਇਆ ਰਕਮ, ਲਾਗੂ ਤਾਰੀਖ ਤਕ ਵਿਆਜ, ਲਾਗਤਾਂ ਅਤੇ ਚਾਰਜਜ਼ ਸਮੇਤ ਇਹ ਨੋਟਿਸ ਪ੍ਰਕਾਸ਼ਿਤ ਹੋਣ ਦੀ ਤਾਰੀਖ਼ ਤੋਂ 60 ਦਿਨਾਂ ਦੇ ਅੰਦਰ ਕੰਪਨੀ ਨੂੰ ਅਦਾ ਕਰਕੇ ਕੰਪਨੀ ਦੇ ਪ੍ਰਤੀ ਆਪਣੀ ਪੂਰੀ ਦੇਣਦਾਰੀ ਨੂੰ ਡਿਸਚਾਰਜ ਕਰ ਦੇਣ, ਜੇਕਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਕੰਪਨੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਪਰੋਕਤ ਕਾਲਮ ਬੀ ਵਿੱਚ ਪ੍ਰਦਰਸ਼ਿਤ ਗਿਰਵੀ ਰੱਖੀ ਸੰਪਤੀ'ਤੇ ਕਬਜ਼ਾ ਕਰ ਲਏ ਅਤੇ ਕੰਪਨੀ ਐਸੇ ਦੂਜੇ ਕਦਮ ਵੀ ਉਠਾ ਸਕਦੀ ਹੈ ਜੋ ਕਾਨੂੰਨ ਅਧੀਨ ਕੰਪਨੀ ਨੂੰ ਉਪਲਬਧ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਸਰਫੇਸੀ ਅਧਿਨਿਯਮ ਦੀ ਧਾਰਾ 13 ਦੀ ਉਪ - ਧਾਰਾ (8) ਵਿੱਚ ਦਿੱਤੇ ਪ੍ਰਾਵਧਾਨਾਂ ਦੀਆਂ ਸ਼ਰਤਾਂ ਦੇ ਅਨੁਸਾਰ, "ਸੁਰੱਖਿਅਤ ਲੇਣਦਾਰ ਦੁਆਰਾ ਸਾਰਵਜਨਿਕ ਨੀਲਾਮੀ, ਕੋਟੇਸ਼ਨ ਲੈਣ ਦੁਆਰਾ, ਪਬਲਿਕ ਜਾਂ ਪ੍ਰਾਇਵੇਟ ਟਰੀਟੀ ਦੁਆਰਾ ਗਿਰਵੀ ਰੱਖੀਆਂ ਗਈਆਂ ਸੰਪਤੀਆਂ ਦੀ ਵਿਕਰੀ ਲਈ ਸਿਰਫ਼ ਨੋਟਿਸ ਦੇ ਪ੍ਰਕਾਸ਼ਨ ਦੀ ਤਾਰੀਖ ਤੱਕ ਸਿਰਫ ਸਿਕਓਰਡ ਕ੍ਰੈਡਿਟਰ ਦੁਆਰਾ ਕੀਤੇ ਗਏ ਸਾਰੇ ਖਰਚ, ਚਾਰਜ ਅਤੇ ਪ੍ਰਭਾਰਾਂ ਦੇ ਨਾਲ ਸੰਪੂਰਨ ਬਕਾਇਆ ਭੁਗਤਾਨ ਯੋਗ ਰਾਸ਼ੀ ਅਦਾ ਕਰ ਸਕਦਾ ਹੈ, ਅੱਗੇ ਇਸ ਤੇ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਜੇਕਰ ਦਿੱਤੇ ਗਏ ਕਨੂੰਨੀ ਸਮੇਂ ਦੇ ਅੰਦਰ ਦੱਸੀ ਗਈ ਜਮਾਨਤੀ ਸੰਪਤੀ ਨੂੰ ਰਿਡੀਮ ਕਰਨ ਲਈ, ਕਰਜਦਾਰ ਨਾਕਾਮ ਰਹਿੰਦਾ ਹੈ ਤਾਂ ਕਰਜਦਾਰ ਸੰਪਤੀ ਨੂੰ ਰਿਡੀਮ ਕਰਨ ਦੇ ਯੋਗ ਨਹੀਂ ਹੋਏਗਾ।

ਸੁਰੱਖਿਅਤ ਲੇਣਦਾਰ ਦੀ ਲਿਖਿਤ ਸਹਿਮਤੀ ਦੀ ਪੂਰਵ ਸੂਚਨਾ ਦੇ ਬਿਨਾਂ ਸਰਫੇਸੀ ਅਧਿਨਿਯਮ ਦੀ ਧਾਰਾ 13 ਦੀ ਉਪ - ਧਾਰਾ (13) ਵਿੱਚ ਦਿੱਤੇ ਪ੍ਰਾਵਧਾਨਾਂ ਦੀਆਂ ਸ਼ਰਤਾਂ ਦੇ ਅਨੁਸਾਰ, ਤੁਹਾਨੂੰ ਇੱਥੇ ਆਪਣੀ ਸੰਪਤੀ ਨੂੰ ਵਿਕਰੀ, ਲੀਜ ਜਾਂ ਕਿਸੇ ਵੀ ਹੋਰ ਤਰ੍ਹਾਂ ਨਾਲ (ਉਸਦੇ ਬਿਜ਼ਨਿਸ ਦੇ ਸਾਧਾਰਣ ਤਰੀਕੇ ਵਿੱਚ ਕਿਸੇ ਹੋਰ ਤਰ੍ਹਾਂ ਨਾਲ) ਟ੍ਰਾਂਸਫ਼ਰ ਕਰਨ ਤੋਂ ਮਨਾ ਕੀਤਾ ਜਾ ਰਿਹਾ ਹੈ।

ਅਧਿਕ੍ਰਿਤ ਅਧਿਕਾਰੀ
ਐਸੈਟ ਰੀਕੰਸਟਰੱਕਸ਼ਨ ਕੰਪਨੀ (ਇੰਡੀਆ) ਲਿਮਿਟੇਡ ਲਈ
ਸਥਾਨ : ਪਟਿਆਲਾ **ਏਆਰਸੀਆਈਐਲ-ਸੀਪੀਐਸ-IV-ਟ੍ਰਸਟ ਦੇ ਟ੍ਰਸਟੀ**

ਪੰਜਾਬ ਸਰਕਾਰ

ਟੈਂਡਰ ਰੈਫਰੈਂਸ ਨੰ.:- NIT No.05/E-Tender/TE/LG-IT HOSHIARPUR/2026-27

ਵਿਭਾਗ ਦਾ ਨਾਮ: ਨਗਰ ਸੁਧਾਰ ਟਰੱਸਟ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਵਿਕਾਸ ਦੇ ਇਕ (1) ਕੰਮ ਲਈ ਆਨਲਾਈਨ ਬੋਲੀ ਦਾ ਸੱਦਾ ਦਿੱਤਾ ਜਾਂਦਾ ਹੈ।
ਬੋਲੀ ਬੰਦ ਹੋਣ ਦੀ ਮਿਤੀ ਅਤੇ ਸਮਾਂ: 17.09.2026 ਸ਼ਾਮ 5 ਵਜੇ ਤੱਕ
ਟੈਕਨੀਕਲ ਬਿਡ ਖੋਲਣ ਦੀ ਮਿਤੀ ਅਤੇ ਸਮਾਂ: 18.09.2026 ਸਵੇਰੇ 11.30 ਵਜੇ
ਵਧੇਰੇ ਜਾਣਕਾਰੀ ਲਈ ਲਾਗਿਨ ਕਰੋ: www.eproc.punjab.gov.in

ਨੋਟ: ਟੈਂਡਰ ਨੋਟਿਸ ਲਈ ਕੋਈ ਵੀ ਸੋਧ(ਾਂ) ਸਿਰਫ ਉਪਰੋਕਤ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਚੇਅਰਮੈਨ
ਨਗਰ ਸੁਧਾਰ ਟਰੱਸਟ
3820/12/2026-27/14897 **ਹੁਸ਼ਿਆਰਪੁਰ**

ਪੰਜਾਬ ਸਰਕਾਰ

ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮ. ਰੋਪੜ, ਹੇਠ ਲਿਖਿਆਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ।

ਲੜੀ ਨੰ.	ਕੰਮ ਦਾ ਨਾਮ	ਈ ਟੈਂਡਰ ਨੋਟਿਸ ਨੰ. ਅਤੇ ਮਿਤੀ
1.	ਪਿੰਡ ਗੋਦਨੀ, ਜ਼ਿਲ੍ਹਾ ਐਸਬੀਐਸ ਨਗਰ ਦੇ ਬੰਗਾ ਦਿਸਤੀ ਦੇ ਆਊਟਲੈਟ ਆਰਡੀ 92815-ਐਲ ਦੀ ਫਲਾਈ ਐਸ਼ ਇੱਟ ਲਾਈਨਿੰਗ ਵਰਤਦਿਆਂ ਵਾਟਰ ਕੋਰਸ ਦੀ ਲਾਈਨਿੰਗ	97/2026 02.09.2026
2.	ਪਿੰਡ ਪਾਲੀਆਂ ਕਲਾਂ, ਪਾਲੀਆਂ ਖੁਰਦ, ਕਰੀਮਪੁਰ, ਜ਼ਿਲ੍ਹਾ ਐਸਬੀਐਸ ਨਗਰ ਦੇ ਬਰਸੀਆਂ ਦਿਸਤੀ ਦੇ ਆਊਟਲੈਟ ਆਰਡੀ 3650-ਆਰ ਐਕਸਟੈਂਸ਼ਨ ਦੀ ਫਲਾਈ ਐਸ਼ ਇੱਟ ਲਾਈਨਿੰਗ ਵਰਤਦਿਆਂ ਵਾਟਰ ਕੋਰਸ ਦੀ ਲਾਈਨਿੰਗ	98/2026 02.09.2026

ਵਿਕਰੀ ਸ਼ੁਰੂ ਦੀ ਮਿਆਦ : 02.09.2026 ਨੂੰ ਸ਼ਾਮ 17.00 ਵਜੇ
ਬੰਦ ਹੋਣ ਦੀ ਮਿਤੀ ਅਤੇ ਸਮਾਂ : 14.09.2026 ਨੂੰ ਸਵੇਰੇ 10.00 ਵਜੇ
ਸਾਰੀ ਟੈਂਡਰ ਪ੍ਰਕਿਰਿਆ ਵੈਬਸਾਈਟ https://eproc.punjab.gov.in ਰਾਹੀਂ ਆਨਲਾਈਨ ਲਿਆਂਦੀ ਜਾਵੇਗੀ ਸੋਧ ਜੇ ਕੋਈ ਹੋਵੇਗ ਸਿਰਫ਼ ਵੈਬਸਾਈਟ https://eproc.punjab.gov.in 'ਤੇ ਦੇਖੀ ਜਾ ਸਕਦੀ ਹੈ।

ਡਵੀਜ਼ਨਲ ਇੰਜੀਨੀਅਰ,
ਬੀਡੀਸੀ-1, ਪੀਡਬਲਿਊਆਰਐਮਡੀਸੀ ਡਵੀਜ਼ਨ,
3846/12/2026-27/14879 **ਰੂਪਨਗਰ**

PUBLIC NOTICE

Notice is hereby given that the following member of the National Commodity and Derivatives Exchange Ltd. (NCDEX) has requested for the surrender of their membership rights of the NCDEX.

Sr. No.	TMID	SEBI Registration No.	Name of Member	Date of Surrender Application	Member's Correspondence Address	Claim Period from the Date of Notification
1	448	INZ000015937	M/s. Shaveta Commodity Traders Private Limited	30-Sep-2025	16-17, Bank of India Street, Partap Road, Moga, Punjab-142001.	1 Month

General public is requested to take note of the surrender of the above member(s) and not to trade/clear with the said member(s) in future.

The registered constituent (s) of the aforesaid member(s) who have undertaken any trades/clearing through these member(s) are hereby advised to lodge the claims, if any against the said member(s) within the abovementioned claim period from the date of this notification, failing which, it shall be presumed that there is no claim against the aforesaid member(s) and that all claims against the member(s) shall be deemed to be waived off. Adjudication of the claim shall be at the sole discretion of the Exchange and/or upon the regulatory directives, if any.

The constituent(s) may write with all the relevant papers to Ms. Smita Chaudhary, Senior Vice President, Investor Services Centre (ISC) department, National Commodity & Derivatives Exchange Ltd, Ackurti Corporate Park, LBS Marg, KanjurMarg (W), Mumbai 400 078 or email at ig@ncdex.com

Location: Mumbai
Date: 08.09.2026

NCDEX

ਜਨਤਕ ਨੋਟਿਸ

ਅਸਲ ਸੇਲ ਡੀਡ ਗੁੰਮ ਹੋਣ ਸਬੰਧੀ

ਇਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਸਚਿਨ ਆਹੂਜਾ, ਸ਼੍ਰੀ ਪੰਕਜ ਆਹੂਜਾ ਅਤੇ ਸ਼੍ਰੀ ਕੁਸ਼ ਆਹੂਜਾ, ਸਪੁੱਤਰ ਸਵ. ਸ਼੍ਰੀ ਚਰਨਜੀਤ ਆਹੂਜਾ (ਅਗਾਂਹ "ਮੋਰਟਗੇਜਰ" ਵਜੋਂ ਸੰਬੋਧਿਤ) ਮਕਾਨ ਨੰਬਰ 51, **TDI City, Sector 118, Mohali, Punjab** - 140301 ਦੇ ਮਾਲਕ ਦੱਸੇ ਜਾਂਦੇ ਹਨ। ਮਾਲਕਾਂ ਅਨੁਸਾਰ, ਉਕਤ ਜਾਇਦਾਦ ਨਾਲ ਸਬੰਧਤ ਹੇਠ ਲਿਖਿਆ ਅਸਲ ਦਸਤਾਵੇਜ਼ ਗੁੰਮ/ਮਿਸਪਲੇਸ ਹੋ ਗਿਆ ਹੈ :-

ਕ੍ਰਮ ਨੰ.	ਗੁੰਮ ਹੋਏ ਦਸਤਾਵੇਜ਼ ਦਾ ਵੇਰਵਾ
1.	**ਮਿਤੀ 06-03-2018 ਦੀ ਅਸਲ Sale Deed, ਵਸੀਕਾ ਨੰਬਰ 11272, ਜੋ ਪਰਮਜੀਤ ਕੌਰ ਅਤੇ ਇਕਬਾਲ ਸਿੰਘ ਵੱਲੋਂ ਮਕਾਨ ਨੰਬਰ 51, TDI City, Sector 118, Mohali, Punjab - 140301 ਦੇ ਸਬੰਧ ਵਿੱਚ ਸਤਜੀਤ ਕੌਰ ਅਤੇ ਅਮਰੀਕ ਸਿੰਘ ਕਲਰਾ ਦੇ ਹੱਕ ਵਿੱਚ ਨਿਰਵਹਿਤ ਕੀਤੀ ਗਈ ਸੀ।**

ਮੋਰਟਗੇਜਰਾਂ ਨੇ ਉਕਤ ਜਾਇਦਾਦ ਦੇ ਸਬੰਧ ਵਿੱਚ PNB Housing Finance Limited, Mohali ਦੇ ਹੱਕ ਵਿੱਚ ਮੋਰਟਗੇਜ ਬਣਾਉਣ ਲਈ ਸਹਿਮਤੀ ਦਿੱਤੀ ਹੈ।
ਇਸ ਸਬੰਧ ਵਿੱਚ ਮਿਤੀ 04.09.2026 ਨੂੰ DDR, G.D. No. 014, ਥਾਣਾ ਬਲੌਂਗੀ, ਮੋਹਾਲੀ ਵਿਖੇ ਸ਼੍ਰੀ ਪੰਕਜ ਆਹੂਜਾ ਪੁੱਤਰ ਸਵ. ਸ਼੍ਰੀ ਚਰਨਜੀਤ ਆਹੂਜਾ ਵੱਲੋਂ ਉਪਰੋਕਤ ਅਸਲ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਦਰਜ ਕਰਵਾਈ ਗਈ ਹੈ।
ਇਸ ਲਈ, ਜੇਕਰ ਕਿਸੇ ਵਿਅਕਤੀ/ਸੰਸਥਾ ਦਾ ਉਕਤ ਜਾਇਦਾਦ ਜਾਂ ਇਸ ਦੇ ਕਿਸੇ ਹਿੱਸੇ ਵਿੱਚ ਕਿਸੇ ਵੀ ਕਿਸਮ ਦਾ ਹੱਕ, ਮਲਕੀਅਤ, ਦਾਅਵਾ, ਹਿੱਤ, ਇਤਰਾਜ਼, ਲੀਨ, ਚਾਰਜ ਜਾਂ ਹੋਰ ਅਧਿਕਾਰ ਹੋਵੇ, ਭਾਵੇਂ ਉਹ ਵਿਕਰੀ, ਅਦਲਾ-ਬਦਲੀ, ਮੋਰਟਗੇਜ (ਇਕੁਇਟੇਬਲ/ਰਜਿਸਟਰਡ ਜਾਂ ਹੋਰ ਕਿਸੇ ਤਰੀਕੇ ਨਾਲ), ਤੋਹਫ਼ਾ, ਟਰੱਸਟ, ਵਿਰਾਸਤ, ਪਰਿਵਾਰਕ ਸਮਝੌਤਾ, ਮੇਨਟੇਨੈਂਸ, ਵਸੀਅਤ, ਭਾਗੀਦਾਰੀ, ਕਬਜ਼ਾ, ਲੀਜ਼, ਸਬ-ਲੀਜ਼, ਕਿਰਾਏਦਾਰੀ, ਲਾਇਸੈਂਸ, ਲੀਨ, ਚਾਰਜ, ਪਲੇਜ, ਈਜ਼ਮੈਂਟ ਜਾਂ ਕਿਸੇ ਹੋਰ ਤਰੀਕੇ ਨਾਲ ਹੋਵੇ, ਤਾਂ ਉਹ ਵਿਅਕਤੀ/ਸੰਸਥਾ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਆਪਣੇ ਦਾਅਵੇ ਜਾਂ ਇਤਰਾਜ਼ ਦੀ ਲਿਖਤੀ ਸੂਚਨਾ, ਸਬੰਧਤ ਦਸਤਾਵੇਜ਼ੀ ਸਬੂਤਾਂ ਸਮੇਤ, ਹੇਠ ਲਿਖੇ ਪਤੇ 'ਤੇ ਦੇਵੇ।
ਨਿਰਧਾਰਤ ਸਮੇਂ ਦੇ ਅੰਦਰ ਜੇਕਰ ਕੋਈ ਦਾਅਵਾ ਜਾਂ ਇਤਰਾਜ਼ ਪ੍ਰਾਪਤ ਨਹੀਂ ਹੁੰਦਾ, ਤਾਂ ਇਹ ਮੰਨਿਆ ਜਾਵੇਗਾ ਕਿ ਅਜਿਹਾ ਦਾਅਵਾ, ਜੇ ਕੋਈ ਹੋਵੇ, ਤਿਆਗ ਦਿੱਤਾ ਗਿਆ ਹੈ ਅਤੇ/ਜਾਂ ਛੱਡ ਦਿੱਤਾ ਗਿਆ ਹੈ, ਅਤੇ ਮੇਰੇ ਮੁਵੱਕਲ ਨੂੰ ਲਾਗੂ ਕਾਨੂੰਨ ਦੇ ਅਧੀਨ ਉਕਤ ਜਾਇਦਾਦ ਦੇ ਸਬੰਧ ਵਿੱਚ ਲੋਨ ਦੀ ਰਕਮ ਜਾਰੀ ਕਰਨ ਅਤੇ ਮੋਰਟਗੇਜ ਬਣਾਉਣ ਦੀ ਕਾਰਵਾਈ ਅੱਗੇ ਵਧਾਉਣ ਦਾ ਅਧਿਕਾਰ ਹੋਵੇਗਾ।

ASHISH GOEL & ASSOCIATES, ਐਡਵੋਕੇਟ
# 2831, Sector-15, Panchkula, M. No.: 9872333331

ਉਪਰੋਕਤ ਜਾਇਦਾਦ ਜਾਂ ਗੁੰਮ ਹੋਏ ਦਸਤਾਵੇਜ਼ ਸਬੰਧੀ ਕਿਸੇ ਵੀ ਤਰ੍ਹਾਂ ਦਾ ਦਾਅਵਾ, ਹੱਕ, ਮਲਕੀਅਤ, ਹਿੱਤ ਜਾਂ ਇਤਰਾਜ਼ ਰੱਖਣ ਵਾਲਾ ਕੋਈ ਵੀ ਵਿਅਕਤੀ/ਸੰਸਥਾ ਨਿਰਧਾਰਤ ਸਮੇਂ ਅੰਦਰ ਉਪਰੋਕਤ ਪਤੇ 'ਤੇ ਹਸਤਾਖਰਕਰਤਾ ਨਾਲ ਸੰਪਰਕ ਕਰੇ।

ਪੰਜਾਬ ਸਰਕਾਰ

ਆਰਐਫਪੀ/ਟੈਂਡਰ ਰੈਫਰੈਂਸ ਨੰ. 222-224/ਟੀਆਈਸੀ **ਮਿਤੀ 07.09.2026**

ਵਿਭਾਗ ਮਿਊਂਸਪਲ ਕਾਰਪੋਰੇਸ਼ਨ ਪਟਿਆਲਾ ਹੇਠ ਲਿਖਿਆਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ

ਲੜੀ ਨੰ.	ਆਈਟਮ/ਕੰਮ ਦਾ ਵੇਰਵਾ	ਮਾਤਰਾ (ਕੰਮਾਂ ਦੀ ਗਿਣਤੀ)
1.	ਪਟਿਆਲਾ ਵਿਖੇ ਐਮਪੀਐਸ ਤੋਂ ਐਸਟੀਪੀ ਤੱਕ 1000 ਐਮਐਮ ਆਰ/ਐਮ ਡੀਆਈ ਪਾਈਪ ਦਾ ਤਬਾਦਲਾ	1

ਪ੍ਰੀ ਬਿੱਡ ਮੀਟਿੰਗ ਦੀ ਮਿਤੀ ਤੇ ਸਮਾਂ: 15.09.2026 ਨੂੰ 11:30 ਵਜੇ ਤੱਕ
ਬੰਦ ਹੋਣ ਦੀ ਮਿਤੀ ਅਤੇ ਸਮਾਂ: 22.09.2026 ਨੂੰ 17:00 ਵਜੇ ਤੱਕ
ਖੁੱਲਣ ਦੀ ਮਿਤੀ ਅਤੇ ਸਮਾਂ: 23.09.2026 ਨੂੰ 11:00 ਵਜੇ ਤੱਕ
ਹੋਰ ਵੇਰਵਿਆਂ ਲਈ ਲਾਗਿਨ ਕਰੋ: www.eproc.punjab.gov.in

ਨੋਟ: ਟੈਂਡਰ/ਆਰਐਫਪੀ ਲਈ ਕੋਈ ਸੋਧ(ਾਂ) ਨੋਟਿਸ ਸਿਰਫ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਸੁਪਰੀਟੈਂਡਿੰਗ ਇੰਜੀਨੀਅਰ,
1794/12/2026-27/14887 **ਮਿਊਂਸਪਲ ਕਾਰਪੋਰੇਸ਼ਨ ਪਟਿਆਲਾ**

ਦੀ ਭੋਗਪੁਰ ਸਹਿਕਾਰੀ ਖੰਡ ਮਿੱਲ ਲਿਮ : ਭੋਗਪੁਰ (ਜਲੰਧਰ)

ਟੈਂਡਰ ਨੋਟਿਸ

ਦੀ ਭੋਗਪੁਰ ਸਹਿਕਾਰੀ ਖੰਡ ਮਿੱਲਜ਼ ਲਿਮਟਿਡ ਵਲੋਂ Labour contract rate for Cane Handling, Labour contract rate for feeding of bagasse/paddy straw/cane trashes by Man Power, Labour contract rate for Feeding of bagasse by tractor, Loader/Pusher for bagasse handling, Labour contract rate for lifting of ash of boiler, Sugar Handling contract, DG set on rent basis, DC Motor 450 KW and AC motor 400 HP on rent basis, Supply of skilled Man Power, Process Chemical ਅਤੇ Miscellaneous Items/Jobs ਲਈ ਡੀ.ਐਨ.ਆਈ.ਟੀ. ਦੇ ਅਨੁਸਾਰ ਆਨ-ਲਾਇਨ ਈ-ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਈ-ਟੈਂਡਰ ਮਿਤੀ 28.09.2026 ਨੂੰ ਸ਼ਾਮ 05:00 ਵਜੇ ਤੱਕ ਭਰੇ ਜਾ ਸਕਦੇ ਹਨ ਅਤੇ ਈ-ਟੈਂਡਰ ਮਿਤੀ 29.09.2026 ਨੂੰ ਸਵੇਰੇ 11:00 ਵਜੇ ਸ਼ੂਗਰ ਮਿੱਲ, ਭੋਗਪੁਰ ਵਿਖੇ ਖੋਲੇ ਜਾਣਗੇ। ਉਪਰੋਕਤ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗ ਲੈਣ ਵਾਲੀਆਂ ਫਰਮਾਂ ਨੂੰ ਖੁਦ ਨੂੰ https://eproc.punjab.gov.in ਤੇ ਰਜਿਸਟਰਡ ਕਰਾਉਣਾ ਹੋਵੇਗਾ। ਯੂਜ਼ਰ ਆਈ ਡੀ, ਪਾਸਵਰਡ ਅਤੇ ਡਿਜੀਟਲ ਸਿਗਨੇਚਰ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਲਾਜ਼ਮੀ ਹਨ। ਈ-ਟੈਂਡਰਿੰਗ ਪ੍ਰਕਿਰਿਆ ਸਬੰਧੀ ਕਿਸੇ ਸਪੱਸ਼ਟੀਕਰਨ/ਮੁਸ਼ਕਿਲ ਲਈ ਕ੍ਰਿਪਾ ਕਰਕੇ 9855389052/95018-88260 ਤੇ ਸਾਡੇ ਨਾਲ ਸੰਪਰਕ ਕਰੋ।

Offline Tenders:-

1. Various Supply items B. Various Job works ਲਈ ਸੀਲਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰ ਨੋਟਿਸ ਅਤੇ ਇਸ ਦੀਆਂ ਨਿਯਮਾਂ ਅਤੇ ਸ਼ਰਤਾਂ ਲਈ ਇਸ ਮਿੱਲ ਤੱਕ ਪਹੁੰਚ ਕਰ ਸਕਦੇ ਹੋ ਜਾਂ ਟੈਂਡਰ ਫਾਰਮ ਮਿੱਲ ਦੀ ਵੈੱਬਸਾਇਟ www.bhogpurcsm.com ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਟੈਂਡਰ ਜਮਾਂ ਕਰਵਾਉਣ ਦੀ ਆਖਰੀ ਮਿਤੀ 21.09.2026 ਸ਼ਾਮ 05:00 ਵਜੇ ਤੱਕ ਹੈ ਅਤੇ ਟੈਂਡਰ ਮਿਤੀ 22.09.2026 ਨੂੰ ਸਵੇਰੇ 11:00 ਵਜੇ ਖੋਲੇ ਜਾਣਗੇ।

ਜਨਰਲ ਮੈਨੇਜਰ

ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

pstcl PUNJAB STATE TRANSMISSION CORPORATION LIMITED
Regd Office: PSEB Head Office, The Mall, Patiala. 147001
Corporate Identity No. U40109PB2010SGC033814, O/o: Sr.XEN/S&D,
Contact no: 9646118210, E-mail:: srxen-stores-pta@pstcl.org

ਈ-ਬੋਲੀ ਨੋਟਿਸ (ਈ ਬੋਲੀ ਦੀ ਮਿਤੀ- 23.09.2026)

ਪੀ. ਐਸ. ਟੀ. ਸੀ. ਐਲ. ਦੇ ਸਟੋਰਾਂ ਵਿੱਚ ਪਿਆ ਵੱਖ-ਵੱਖ ਤਰਾਂ ਦਾ ਸਕਰੈਪ ਜਿਵੇਂ ਹੈ-ਜਿੱਥੇ ਹੈ ਦੇ ਆਧਾਰ ਤੇ ਵੇਚਣ ਲਈ ਈ-ਬੋਲੀ ਹੇਠ ਲਿਖੇ ਅਨੁਸਾਰ ਕੀਤੀ ਜਾਵੇਗੀ।
ਸਮਾਨ ਦਾ ਵੇਰਵਾ - ਨਾ ਵਰਤਣਯੋਗ ਸਮਾਨ (ਪਾਵਰ ਟਰਾਂਸਫਾਰਮਰ, ਬਿਜਲੀ ਯੰਤਰ ਜਿਵੇ ਕਿ ਸੀਟੀ, ਪੀਟੀ, ਸਰਕਟ ਬਰੇਕਰ ਆਦਿ), ਸਕਰੈਪ ਮਟੀਰੀਅਲ (ਏ. ਸੀ. ਐਸ. ਆਰ. ਕੰਡਕਟਰ, ਆਇਰਨ, ਐਲਮੀਨੀਅਮ, ਕਾਪਰ, ਬਰਾਸ, ਪੁਰਾਣੇ ਟਾਇਰ-ਟਿਊਬ, ਟੁੱਟੇ ਹੋਏ ਡਿਸਕ ਇਨਸੂਲੇਟਰ ਸਮੇਤ ਧਾਤ ਆਦਿ), ਪੁਰਾਣਾ ਸਮਾਨ (ਟਾਵਰ ਮਟੀਰੀਅਲ, ਬਿਜਲੀ ਯੰਤਰ ਜਿਵੇ ਕਿ ਸੀਟੀ, ਪੀਟੀ, ਸਰਕਟ ਬਰੇਕਰ ਅਤੇ ਹੋਰ ਸਮਾਨ ਆਦਿ), ਖਤਰੇ ਵਾਲਾ ਖਰਾਬ ਸਮਾਨ (ਵਰਤਿਆ ਹੋਇਆ ਟਰਾਂਸਫਾਰਮਰ ਤੇਲ ਸਮੇਤ ਡਰੱਮ, ਈ-ਵੇਸਟ, ਆਦਿ।)
ਨਵੇਂ ਖਰੀਦਦਾਰ M/s e-Procurement Technologies Ltd., ਦੇ ਨਾਲ ਆਪਣੇ ਆਪ ਨੂੰ ਰਜਿਸਟਰਡ ਕਰਨਾ ਪਵੇਗਾ, ਜਿਸ ਦਾ ਪਤਾ 2-704/705, Wall Street-II, Near Gujrat College, Opp. Orient Club, Ahmedabad -380006 ਹੈ। ਈ ਬੋਲੀ ਦੇ ਸਕਰੈਪ ਸਾਮਾਨ ਦੀ ਮਾਤਰਾ, ਟਰਮ ਅਤੇ ਕੰਡੀਸ਼ਨ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਲਈ M/s e-Procurement Technologies Ltd. website https://pstcl.abcprocure.com ਤੇ PSTCL website www.pstcl.org ਤੇ ਲੋਗਆਨ ਕਰੋ।

ਸੀ ਕਾ ਕਾ ਇੰਜ./ਸਟੋਰ ਅਤੇ ਡਿਸਪੋਸਲ,
1078/12/2026-27/14875 **ਪੀ. ਐਸ. ਟੀ. ਸੀ. ਐਲ. ਪਟਿਆਲਾ।**

ਪੰਜਾਬ ਸਰਕਾਰ

ਟੈਂਡਰ ਨੋਟਿਸ ਹਵਾਲਾ ਨੰਬਰ- ਈ-ਟੈਂਡਰ-02/2026

ਨਗਰ ਪੰਚਾਇਤ ਬਰੀਵਾਲਾ, ਸ੍ਰੀ ਮੁਕਤਸਰ ਸਾਹਿਬ ਦਾ ਵਿਭਾਗ ਹੇਠ ਲਿਖੇ ਲਈ ਆਨਲਾਈਨ ਬੋਲੀ ਮੰਗਦਾ ਹੈ:

ਲੜੀ ਨੰ.	ਆਈਟਮ	ਰਕਮ ਲੱਖਾਂ ਵਿੱਚ
1.	ਚੱਕ ਗਾਂਧਾ ਸਿੰਘ ਵਾਲਾ ਰੋਡ ਤੇ ਢਾਣੀ ਰਸਤਾ, ਗੋਰੇ ਭਗਤ (ਬਿੰਦਾ) ਵਾਲੀ ਗਲੀ, ਕੇਵਲ ਕ੍ਰਿਸ਼ਨ ਕੁਮਾਰ ਪਰਦਾਨ ਵਾਲੀ ਗਲੀ, ਰਸਤਾ ਸ਼ਮਸ਼ਾਨ ਘਾਟ, ਬਰੀਵਾਲਾ ਵਿੱਚ ਇੰਟਰਲੌਕਿੰਗ ਟਾਈਲ ਵਿਛਾਉਣਾ/ ਪ੍ਰਦਾਨ ਕਰਨਾ	12.54
2	---ਉਹੀ---ਕਸਤੂਰੀ ਲਾਲ ਵਾਲੀ ਗਲੀ, ਰਵੀਦਾਸ ਧਰਮਸ਼ਾਲਾ ਤੋਂ ਜਗਦੀਸ਼ ਘਰ, ਬਰੀਵਾਲਾ	17.43
3	ਨਹਿਰੂ ਬਸਤੀ ਗੁਰਚਰਨ ਦੋਧੀ ਵਾਲੀ ਗਲੀ, ਬੂਟੇ ਪੁਲਿਸ ਵਾਲੀ ਗਲੀ, ਲੱਖੂ ਵਾਲੀ ਗਲੀ, ਕਰਤਾਰ ਸਿੰਘ ਵਾਲੀ ਗਲੀ, ਅਵਤਾਰ ਵਾਲੀ ਗਲੀ, ਬੂਟਾ ਏ.ਸੀ. ਦੀ ਮੁਰੰਮਤ ਵਾਲੀ ਗਲੀ, ਬਰੀਵਾਲਾ ਵਿੱਚ ਇੰਟਰ-ਲਾਕਿੰਗ ਟਾਈਲਾਂ ਮੁੜ ਵਿਛਾਉਣਾ ਅਤੇ ਪ੍ਰਦਾਨ ਕਰਨਾ।	10.06
4	---ਉਹੀ---ਟਾਵਰ ਬਸਤੀ ਗਲੀ ਦੀ, ਨਹਿਰੂ ਬਸਤੀ ਗਲੀ, ਗਿਰਜਾ ਵਾਲੀ ਗਲੀ, ਬਰੀਵਾਲਾ	19.55
5	---ਉਹੀ--- ਗਊਸ਼ਾਲਾ ਬਸਤੀ ਗਲੀ ਨੰ.1, ਗਲੀ ਨੰ.2 ਲਿੰਕ ਅਤੇ ਡਾ. ਪ੍ਰੇਮ ਵਾਲੀ ਗਲੀ ਨਹਿਰੂ ਬਸਤੀ, ਵਾਰਡ ਨੰ. 7, ਬਰੀਵਾਲਾ	7.12
6	ਹੱਡਾ ਰੋੜੀ ਵੜਿੰਗ ਰੋਡ ਵਿੱਚ ਚਾਰਦੀਵਾਰੀ ਦੀ ਉਸਾਰੀ	4.01
7	ਐਨਪੀ ਬਰੀਵਾਲਾ ਵਿਖੇ ਵਾਰਡ ਨੰ: 1-11 ਵਿੱਚ ਮਿਸਲੇਨਿਅਸ ਮੁਰੰਮਤ ਦਾ ਕੰਮ	19.43
	ਕੁੱਲ	90.14

ਬੰਦ ਹੋਣ ਦੀ ਮਿਤੀ ਅਤੇ ਸਮਾਂ: 16.09.2026 ਸ਼ਾਮ 05:00 ਵਜੇ
ਤਕਨੀਕੀ ਖੁੱਲਣ ਦੀ ਮਿਤੀ ਅਤੇ ਸਮਾਂ: 17.09.2026 ਸਵੇਰੇ 11:00 ਵਜੇ
ਵਿੱਤੀ ਬੋਲੀ ਖੁੱਲਣ ਦੀ ਮਿਤੀ: ਤਕਨੀਕੀ ਮਨਜ਼ੂਰੀ ਤੋਂ ਬਾਅਦ **1382/12/2026-27/14890**
ਵੇਰਵਿਆਂ ਲਈ ਲਾਗਿਨ ਕਰੋ:
ਨੋਟ: ਟੈਂਡਰ ਨੋਟਿਸ ਲਈ ਕੋਈ ਸੋਧ(ਾਂ) ਸਿਰਫ ਉਪਰੋਕਤ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਪ੍ਰਧਾਨ **ਕਾਰਜ ਸਾਧਕ ਅਫਸਰ**
ਨਗਰ ਪੰਚਾਇਤ ਬਰੀਵਾਲਾ **ਨਗਰ ਪੰਚਾਇਤ ਬਰੀਵਾਲਾ**